RS SB Science of the soul - New Zealand

# ਨਿਊਜ਼ੀਲੈਂਡ ਸਤਸੰਗ ਘਰ

## ਸਤਿਗੁਰੂ ਦਾ ਸਤਸੰਗ ਪ੍ਰੋਗ੍ਰਾਮ

Science of the Soul Study Centre New Zealand
315 Ihumatao Road, Māngere, Auckland 2022

**ਮੰਗਲਵਾਰ, 3 ਜੂਨ 2025 ਅਤੇ ਬੁੱਧਵਾਰ, 4 ਜੂਨ 2025, ਸਵੇਰੇ 10:00 am**

| | |
|---|---|
| ਗੇਟ ਖੁਲਣ ਦਾ ਸਮਾਂ | 6:00 am |
| ਸਤਸੰਗ ਹਾਲ ਅਤੇ ਫੈਮਿਲੀ ਏਰੀਆ (family area) ਖੁੱਲਣ ਦਾ ਸਮਾਂ | 7:00 am |
| ਸੰਗਤ ਲਈ ਜਰੂਰੀ ਸੂਚਨਾਵਾਂ | 7.30 am, 9.00 am |
| ਸਵਾਲ ਪੁੱਛਣ ਵਾਲਿਆਂ ਨੂੰ ਚੁਣਨ ਦਾ ਸਮਾਂ | 8:00-8:30 am |
| ਸ਼ਬਦ ਸ਼ੁਰੂ ਹੋਣ ਦਾ ਸਮਾਂ | 8:00 am |
| ਸਤਸੰਗ/ਸਵਾਲ-ਜਵਾਬ ਦਾ ਪ੍ਰੋਗ੍ਰਾਮ | 10.00 am (ਇਹ 9:30 ਸਵੇਰੇ ਤੋਂ ਵੀ ਸ਼ੁਰੂ ਹੋ ਸਕਦਾ ਹੈ) |
| ਪ੍ਰੋਗ੍ਰਾਮ/ ਸਵਾਲ-ਜਵਾਬ ਦੀ ਸਮਾਪਤੀ | 11.30 am |
| ਸਤਸੰਗ ਘਰ ਬੰਦ ਹੋਣ ਦਾ ਸਮਾਂ | 12 noon |
| | |

**ਆਉਣ ਅਤੇ ਜਾਣ ਦਾ ਸਮਾਂ** – ਇਹੁਮਾਟਾਓ ਰੋਡ (Ihumatao Road) 'ਤੇ ਸਵੇਰੇ ਜਲਦੀ ਲਾਈਨ ਲਗਾਉਣ ਦੀ ਸਖਤ ਮਨਾਈ ਹੈ, ਕਿਉਂਕਿ ਇਸ ਨਾਲ ਸਾਡੇ ਗੁਆਂਢੀ ਅਤੇ ਆਸ-ਪਾਸ ਦੇ ਲੋਕਾਂ ਨੂੰ ਮੁਸ਼ਕਲ ਅਤੇ ਅਸੁਵਿਧਾ ਹੁੰਦੀ ਹੈ ਅਤੇ ਅਸੀਂ ਨਹੀਂ ਚਾਹੁੰਦੇ ਕਿ ਜਲਦੀ ਪਹੁੰਚਣ ਵਾਲੇ ਲੋਕਾਂ ਨੂੰ ਵੀ ਕਿਸੇ ਵੀ ਦੁਰਘਟਨਾ ਜਾਂ ਅਸੁਵਿਧਾ ਦਾ ਸਾਹਮਣਾ ਕਰਨਾ ਪਵੇ। ਜੋ ਲੋਕ ਆਪਣੀਆਂ ਕਾਰਾਂ ਵਿੱਚ ਜਲਦੀ ਆਉਣਗੇ, ਉਨ੍ਹਾਂ ਨੂੰ ਕਾਰ ਬਹੁਤ ਦੂਰ ਪਾਰਕ ਕਰਨੀ ਪਵੇਗੀ ਅਤੇ ਉਹਨਾਂ ਨੂੰ ਸਤਸੰਗ ਹਾਲ ਖੁਲਣ ਤੱਕ, ਸਵੇਰੇ 7 ਵਜੇ ਤੱਕ ਆਪਣੀਆਂ ਕਾਰਾਂ ਵਿੱਚ ਹੀ ਬੈਠਣਾ ਪਵੇਗਾ। ਸਤਸੰਗ ਹਾਲ ਵਿੱਚ, ਸਾਰੀਆਂ ਅੱਗੇ ਵਾਲੀਆਂ ਸੀਟਾਂ, ਸਤਸੰਗ ਘਰ ਦੀਆਂ ਬਸਾਂ ਵਿੱਚ ਆਉਣ ਵਾਲੀ ਸੰਗਤ ਲਈ ਰੱਖੀਆਂ ਜਾਣਗੀਆਂ, ਇਸ ਲਈ ਆਪਣੀਆਂ ਕਾਰਾਂ ਵਿੱਚ ਜਲਦੀ ਆਉਣ ਦਾ ਕੋਈ ਫਾਇਦਾ ਨਹੀਂ ਹੈ।

**ਟ੍ਰੈਫਿਕ ਘਟਾਉਣ ਵਿੱਚ ਮਦਦ ਲਈ ਬੱਸਾਂ ਦੀ ਵਰਤੋਂ ਕਰੋ** – ਕਿਉਂਕਿ ਇਸ ਵਾਰ ਸਾਲ 2025 ਦੇ ਮਾਸਟਰ ਟੂਰ ਦੌਰਾਨ ਸੰਗਤ ਦੇ ਵਧਣ ਦੀ ਉਮੀਦ ਹੈ, ਇਸ ਲਈ ਅਸੀਂ ਕੁਝ ਮਹੱਤਵਪੂਰਨ ਬਦਲਾਅ ਤੁਹਾਡੇ ਨਾਲ ਸਾਂਝੇ ਕਰ ਰਹੇ ਹਾਂ ਤਾਂ ਜੋ ਸੰਗਤ ਨੂੰ ਟ੍ਰੈਫਿਕ ਜਾਂ ਕਿਸੇ ਹੋਰ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਖਾਸ ਕਰਕੇ ਅਸੀਂ ਆਪਣੇ ਆਸ-ਪਾਸ ਵਾਲਿਆਂ ਦਾ ਧਿਆਨ ਰੱਖ ਸਕੀਏ ਤਾਂ ਜੋ ਉਨ੍ਹਾਂ ਨੂੰ ਸਾਡੀ ਵਜ੍ਹਾ ਨਾਲ ਕੋਈ ਤਕਲੀਫ ਨਾ ਹੋਵੇ। ਸੰਗਤ ਨੂੰ ਕਿਸੇ ਵੀ ਤਰ੍ਹਾਂ ਦੀ ਭੀੜ ਵਿੱਚ ਫਸਣ ਦੀ ਮੁਸ਼ਕਿਲ ਨਾ ਹੋਵੇ ।ਅਤੇ ਸਾਡੇ ਆਸ-ਪਾਸ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਨਾ ਹੋਵੇ, ਇਹ ਸਾਰੀਆਂ ਗੱਲਾਂ ਧਿਆਨ ਵਿੱਚ ਰੱਖਦੇ ਹੋਏ ਅਸੀਂ ਆਕਲੈਂਡ ਅਤੇ ਆਕਲੈਂਡ ਦੇ ਬਾਹਰ ਤੋਂ ਆਉਣ ਵਾਲੀ ਸੰਗਤ ਲਈ ਬੱਸ ਸੇਵਾ ਦਾ ਇੰਤਿਜ਼ਾਮ ਕਰ ਰਹੇ ਹਾਂ। ਇਹ ਸੇਵਾਵਾਂ ਅਸੀਂ ਟੋਰੰਟੋ ਅਤੇ ਵੈਂਕੂਵਰ ਸਤਸੰਗ ਘਰਾਂ ਦੀ ਸਫਲਤਾਪੂਰਵਕ ਵਰਤੋਂ ਤੋਂ ਪ੍ਰੇਰਿਤ ਹੋ ਕੇ ਕਰ ਰਹੇ ਹਾਂ। ਸਾਨੂੰ ਪੂਰੀ ਉਮੀਦ ਹੈ ਕਿ ਤੁਹਾਡੇ ਸਹਿਯੋਗ ਨਾਲ ਇਹ ਪ੍ਰਯੋਗ ਆਕਲੈਂਡ ਵਿੱਚ ਵੀ ਸਫਲ ਹੋਵੇਗਾ।

**ਸਤਸੰਗ ਘਰ ਦੀ ਬੱਸ ਸੇਵਾ ਦਾ ਉਪਯੋਗ ਕਰਨ ਵਾਲਿਆਂ ਨੂੰ ਅੱਗੇ ਬੈਠਣ ਦੀ ਪਹਿਲ** – ਸਤਸੰਗ ਘਰ ਤੋਂ ਸੰਗਤ ਲਈ ਬੱਸਾਂ ਦਾ ਪ੍ਰਬੰਧ ਕੀਤਾ ਜਾਵੇਗਾ ਜੋ ਉਨ੍ਹਾਂ ਨੂੰ ਸਤਸੰਗ ਘਰ ਵਿੱਚ ਲਿਆਉਣ ਅਤੇ ਵਾਪਸ ਛੱਡਣ ਦੀ ਸੇਵਾ ਪ੍ਰਦਾਨ ਕਰਨਗੀਆਂ। ਜੋ ਲੋਕ ਬੱਸਾਂ ਦਾ ਉਪਯੋਗ ਕਰਕੇ ਆਉਣਗੇ, ਉਨ੍ਹਾਂ ਨੂੰ ਸਤਸੰਗ ਹਾਲ ਵਿੱਚ ਅੱਗੇ ਬੈਠਣ ਦੀ ਪਹਿਲ ਦਿੱਤੀ ਜਾਵੇਗੀ। ਇਸਲਈ ਜੋ ਅੱਗੇ ਬੈਠਣ ਦੀ ਇੱਛਾ ਰੱਖਦੇ ਹਨ ਉਹਨਾਂ ਨੂੰ ਸਤਸੰਗ ਘਰ ਦੀਆਂ ਬੱਸਾਂ ਦਾ ਇਸਤੇਮਾਲ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਬਸ ਸਵਾਰੀਆਂ ਨੂੰ, ਸਤਸੰਗ ਘਰ ਦੇ ਅੰਦਰ ਅਤੇ ਬਾਹਰ ਜਾਣ ਦੀ ਪਹਿਲ ਅਤੇ ਸਨੈਕ ਪੈਕ ਖਰੀਦਣ ਦੀ ਪਹਿਲ ਵੀ ਦਿੱਤੀ ਜਾਵੇਗੀ। ਸਤਸੰਗ ਹਾਲ ਵਿੱਚ ਅੱਗੇ ਵਾਲਾ ਹਿੱਸਾ ਬੱਸ ਵਿੱਚ ਆਉਣ ਵਾਲੇ ਲੋਕਾਂ ਨਾਲ ਭਰਿਆ ਜਾਵੇਗਾ। ਬੱਸ ਸੇਵਾ ਦਾ ਉਪਯੋਗ ਕਰਨ ਲਈ ਤੁਹਾਨੂੰ ਬੱਸ ਕੂਪਨ ਖਰੀਦਣਾ ਪਵੇਗਾ। ਜੇਕਰ ਤੁਹਾਨੂੰ ਕਿਸੇ ਖਾਸ ਕਾਰਨ ਜਾਂ ਵਿਸ਼ੇਸ਼ ਜ਼ਰੂਰਤਾਂ ਦੀ ਵਜ੍ਹਾ ਨਾਲ ਆਪਣੀ ਕਾਰ ਵਿੱਚ ਆਉਣਾ ਪੈਂਦਾ ਹੈ ਤਾਂ ਤੁਸੀਂ ਆਪਣੀ ਕਾਰ ਲਿਆ ਸਕਦੇ ਹੋ ਪਰ ਤੁਹਾਨੂੰ ਬੇਨਤੀ ਕੀਤੀ ਜਾਂਦੀ ਹੈ ਅਤੇ ਸਲਾਹ ਦਿੱਤੀ ਜਾਂਦੀ ਹੈ ਕਿ ਕਾਰ ਪਾਰਕਿੰਗ ਦੀ ਜਗ੍ਹਾ ਘੱਟ ਹੋਣ ਦੇ ਕਾਰਨ ਤੁਸੀਂ ਕਾਰਪੂਲਿੰਗ (carpooling) ਕਰੋ ਤਾਂਕਿ ਸਾਡੇ ਆਸ-ਪਾਸ ਦੇ ਲੋਕਾਂ ਨੂੰ ਕੋਈ ਮੁਸ਼ਕਲ ਨਾ ਹੋਵੇ।

**ਬਸ ਕੂਪਨ** - ਕੂਪਨ ਬਹੁਤ ਜਿਆਦਾ ਉਪਲਬਧ ਨਹੀਂ ਹਨ/ਸੀਮਿਤ ਹਨ ਅਤੇ ਪਹਿਲਾਂ ਆਓ, ਪਹਿਲਾਂ ਪਾਓ ਕੇ ਆਧਾਰ 'ਤੇ ਵੇਚੇ ਜਾਣਗੇ। ਆਕਲੈਂਡ ਵਿੱਚ ਰਹਿਣ ਵਾਲੀ ਸੰਗਤ ਇਹਨਾਂ ਨੂੰ ਸਤਸੰਗ ਤੋਂ ਪਹਿਲਾਂ ਅਤੇ ਬਾਅਦ ਵਿੱਚ ਸੂਚਨਾ ਡੈਸਕ (Info-desk) ਤੋਂ ਖਰੀਦ ਸਕਦੀ ਹੈ ਅਤੇ ਆਕਲੈਂਡ ਤੋਂ ਬਾਹਰ ਦੀ ਸੰਗਤ ਉਹਨਾਂ ਨੂੰ ਆਪਣੇ ਸੈਂਟਰ ਦੇ ਇੱਕੋਮੋਡੇਸ਼ਨ (Accommodation) ਸੇਵਾਦਾਰ ਤੋਂ ਖਰੀਦ ਸਕਦੀ ਹੈ। ਬੱਸ ਕੂਪਨ ਦੀ ਕੀਮਤ ਪ੍ਰਤੀ ਵਿਅਕਤੀ ਪ੍ਰਤੀ ਦਿਨ 10 ਡਾਲਰ ਹੋਵੇਗੀ। 5 ਸਾਲ ਤੋਂ ਛੋਟੇ ਬੱਚਿਆਂ ਲਈ ਬਸ ਸੇਵਾ ਮੁਫਤ ਹੈ, ਅਤੇ 5 ਸਾਲ ਅਤੇ ਉਸ ਤੋਂ ਉੱਪਰ ਦੇ ਬੱਚਿਆਂ ਲਈ ਤੁਹਾਨੂੰ ਕੂਪਨ ਖਰੀਦਣਾ ਪਵੇਗਾ। ਤੁਹਾਨੂੰ ਕਲਾਈ/ਗੁੱਟ 'ਤੇ ਬੰਨਣ ਲਈ ਇੱਕ ਕਲਾਈਬੈਂਡ/ਪੱਟੀ ਦਿੱਤਾ ਜਾਵੇਗਾ ਜਿਸ ਨਾਲ ਸੇਵਾਦਾਰਾਂ ਨੂੰ ਪਤਾ ਲੱਗੇਗਾ ਕਿ ਤੁਹਾਨੂੰ ਅੱਗੇ ਦੀਆਂ ਸੀਟਾਂ 'ਤੇ ਬੈਠਾਉਣਾ ਹੈ। ਫੈਮਲੀ ਏਰੀਆ (family area) ਵਿੱਚ ਬੈਠਣ ਵਾਲੇ ਮਾਤਾ-ਪਿਤਾ ਨੂੰ ਕੋਈ ਕਲਾਈਬੈਂਡ ਨਹੀਂ ਮਿਲੇਗਾ, ਪਰ ਜੇ ਉਨ੍ਹਾਂ ਵਿੱਚੋਂ ਕੋਈ ਇੱਕ, ਮਾਤਾ ਜਾਂ ਪਿਤਾ ਸਤਸੰਗ ਹਾਲ ਵਿੱਚ ਜਾ ਰਹੇ ਹਨ, ਤਾਂ ਉਨ੍ਹਾਂ ਨੂੰ ਇੱਕ ਕਲਾਈਬੈਂਡ ਦਿੱਤਾ ਜਾਵੇਗਾ। ਹਰ ਰੋਜ਼ ਵੱਖ-ਵੱਖ ਰੰਗ ਦਾ ਕਲਾਈ ਬੈਂਡ ਤੁਹਾਨੂੰ ਬਸ ਵਿੱਚ ਚੜ੍ਹਦੇ ਸਮੇਂ ਦਿੱਤਾ ਜਾਵੇਗਾ। ਕਿਰਪਾ ਕਰਕੇ ਆਪਣੇ ਕੂਪਨ ਨੂੰ ਸੰਭਾਲ ਕੇ ਰੱਖੋ, ਕਿਉਂਕਿ ਜੇਕਰ ਤੁਸੀਂ ਆਪਣਾ ਕੂਪਨ ਗੁਆ ਦਿੰਦੇ ਹੋ ਤਾਂ ਤੁਹਾਨੂੰ ਉਸ ਦੀ ਜਗ੍ਹਾ ਦੂਜਾ ਕੂਪਨ ਨਹੀਂ ਦਿੱਤਾ ਜਾਵੇਗਾ, ਅਤੇ ਜੇਕਰ ਤੁਹਾਡੇ ਕੋਲ ਗਲਤ ਕੂਪਨ ਹੈ ਤਾਂ ਤੁਹਾਨੂੰ ਬਸ ਵਿੱਚ ਚੜ੍ਹਨ ਨਹੀਂ ਦਿੱਤਾ ਜਾਵੇਗਾ।

**ਸਨੈਕ ਪੈਕ** – ਤੁਸੀਂ 4 ਡਾਲਰ ਵਿੱਚ ਇੱਕ ਸਨੈਕ ਪੈਕ ਖਰੀਦ ਸਕਦੇ ਹੋ, ਜਿਸ ਵਿੱਚ ਇੱਕ ਸੇਬ, ਇੱਕ ਮਿਊਜ਼ਲੀ ਬਾਰ (Muesli bar), ਇੱਕ ਛੋਟੀ ਪਾਣੀ ਦੀ ਬੋਤਲ ਅਤੇ ਇੱਕ ਛੋਟਾ ਟੈਟ੍ਰਾ ਜੂਸ ਪੈਕ ਸ਼ਾਮਿਲ ਹੈ। ਤੁਸੀਂ ਕੂਪਨ ਆਪਣੇ ਆਪਣੇ ਸਤਸੰਗ ਘਰਾਂ ਤੋਂ ਖਰੀਦ ਸਕਦੇ ਹੋ। ਹਾਲਾਂਕਿ ਕੂਪਨ ਤੁਸੀਂ ਟੂਰ ਦੌਰਾਨ ਵੀ ਖਰੀਦ ਸਕਦੇ ਹੋ, ਪਰ ਸੰਗਤ ਨੂੰ ਲੰਮੇ ਇੰਤਜ਼ਾਰ ਤੋਂ ਬਚਣ ਲਈ ਇਹਨਾਂ ਨੂੰ ਪਹਿਲਾਂ ਤੋਂ ਖਰੀਦਣ ਦੀ ਸਲਾਹ ਦਿੱਤੀ ਜਾਂਦੀ ਹੈ।

**ਸਤਸੰਗ ਹਾਲ ਵਿੱਚ ਬੈਠਣਾ** – ਸੰਗਤ ਨੂੰ 9 ਵਜੇ ਤੱਕ ਆਪਣੀ ਸੀਟ 'ਤੇ ਬੈਠਣਾ ਜ਼ਰੂਰੀ ਹੈ। ਜੋ ਲੋਕ ਇੱਕਠੇ ਬੈਠਣਾ ਚਾਹੁੰਦੇ ਹਨ, ਉਹਨਾਂ ਨੂੰ ਇੱਕਠੇ ਆਉਣਾ ਚਾਹੀਦਾ ਹੈ, ਕਿਉਂਕਿ ਦੂਜਿਆਂ ਲਈ ਸੀਟ ਰੱਖਣ ਦੀ ਅਨੁਮਤੀ ਨਹੀਂ ਹੋਵੇਗੀ। ਸਾਰਿਆਂ ਦੀ ਸੁਰੱਖਿਆ ਅਤੇ ਆਰਾਮ ਲਈ, ਕ੍ਰਿਪਾ ਕਰਕੇ ਸੇਵਾਦਾਰਾਂ ਦੇ ਨਾਲ ਸਹਿਯੋਗ ਕਰੋ।

**ਪਾਰਕਿੰਗ ਅਤੇ ਸਤਸੰਗ ਘਰ ਤੋਂ ਬਾਹਰ ਜਾਣਾ** – ਕ੍ਰਿਪਾ ਕਰਕੇ ਜਿੱਥੇ ਤੁਸੀਂ ਸੇਵਾਦਾਰ ਤੋਂ ਕਾਰ ਪਾਰਕ ਕਰਨ ਦੀ ਕਹਾਣੀ ਸੁਣੋ, ਓਥੇ ਹੀ ਕਰੋ। ਕਾਰ ਪਾਰਕ ਤੋਂ ਲੈ ਕੇ ਸਤਸੰਗ ਹਾਲ ਵਿੱਚ ਸੀਟ ਲੈਣ ਤੱਕ ਤੁਹਾਨੂੰ ਵੀਹ ਮਿੰਟ ਲੱਗ ਸਕਦੇ ਹਨ। ਸਤਸੰਗ ਘਰ ਛੱਡਦਿਆਂ ਕ੍ਰਿਪਾ ਕਰਕੇ ਧੀਰਜ ਰੱਖੋ, ਕਿਉਂਕਿ ਕਈ ਕਾਰਾਂ ਇਕੱਠੀਆਂ ਨਿਕਲ ਰਹੀਆਂ ਹੋਣਗੀਆਂ।

**ਗੇਟ ਤੋਂ ਅੰਦਰ ਆਉਣਾ** – ਸਤਸੰਗ ਘਰ ਦੇ ਅੰਦਰ ਆਉਂਦੇ ਸਮੇਂ ਟ੍ਰੈਫਿਕ ਸੇਵਾਦਾਰਾਂ ਦੇ ਨਿਰਦੇਸ਼ਾਂ ਦਾ ਪਾਲਣ ਕਰੋ ਅਤੇ ਉਹਨਾਂ ਨਾਲ ਸਹਿਯੋਗ ਕਰੋ ਤਾਂ ਜੋ ਸੜਕਾਂ 'ਤੇ ਕਾਰਾਂ ਦੀ ਲੰਮੀ ਲਾਈਨ/ਕਤਾਰ ਨਾ ਲੱਗੇ।

**ਵਿਸ਼ੇਸ਼ ਕਾਰ ਪਾਰਕਿੰਗ** – ਖਾਸ ਕਾਰ ਪਾਰਕਿੰਗ ਲਈ ਤੁਹਾਨੂੰ ਇੱਕ ਵਿਸ਼ੇਸ਼ ਕਾਰ ਪਾਸ ਦੀ ਲੋੜ ਹੋਵੇਗੀ ਜੋ ਤੁਸੀਂ ਫਰਸਟ ਏਡ (first-aid) ਦੇ ਸੇਵਾਦਾਰਾਂ ਤੋਂ ਲੈ ਸਕਦੇ ਹੋ। ਇਹ ਪਾਸ ਤੁਹਾਨੂੰ ਆਪਣੀ ਕਾਰ ਦੇ ਅਗਲੇ ਸੀਸ਼ੇ 'ਤੇ ਲਗਾਉਣਾ ਪਵੇਗਾ ਤਾਂ ਜੋ ਪਾਰਕਿੰਗ ਸੇਵਾਦਾਰ ਤੁਹਾਨੂੰ ਤੁਹਾਡੇ ਲਈ ਰੱਖੀ ਕਾਰ ਪਾਰਕਿੰਗ ਤੱਕ ਭੇਜ ਸਕਣ। ਹੋਰ ਜਾਣਕਾਰੀ ਲਈ ਆਪਣੇ ਸੇਕ੍ਰੇਟਰੀ ਨਾਲ ਸੰਪਰਕ ਕਰੋ। ਸੰਗਤ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀਆਂ ਦਵਾਈਆਂ ਨਾਲ ਲੈ ਕੇ ਆਉਣ, ਕਿਉਂਕਿ ਫਰਸਟ ਏਡ ਟੀਮ ਕੋਲ ਕੋਈ ਦਵਾਈਆਂ ਨਹੀਂ ਹੁੰਦੀਆਂ।

**ਇਨ੍ਹਾਂ ਚੀਜ਼ਾਂ ਨੂੰ ਲੈ ਕੇ ਆਉਣਾ ਮਨਾ ਹੈ** – ਕਿਸੇ ਵੀ ਇਲੈਕਟ੍ਰਾਨਿਕ ਸਮਾਨ (ਜਿਵੇਂ ਕਿ ਮੋਬਾਈਲ ਫੋਨ, ਸਮਾਰਟਵਾਚ, ਕੈਮਰਾ, ਦੂਰਬੀਨ ਜਾਂ ਹੋਰ ਕੋਈ ਇਲੈਕਟ੍ਰਾਨਿਕ ਸਮਾਨ) ਦੀ ਵਰਤੋਂ ਕਰਕੇ ਫੋਟੋਗ੍ਰਾਫੀ ਅਤੇ ਆਡੀਓ/ਵੀਡੀਓ ਰਿਕਾਰਡਿੰਗ ਸਤਸੰਗ ਘਰ ਵਿੱਚ (ਸਤਸੰਗ ਹਾਲ, ਫੈਮਿਲੀ ਏਰੀਆ (family area) ਅਤੇ ਆਸ-ਪਾਸ ਦੀ ਜਗ੍ਹਾ) ਸਖ਼ਤੀ ਨਾਲ ਮਨਾ ਹੈ। ਇਹੋ ਜਿਹੀ ਕੋਈ ਵੀ ਚੀਜ਼ ਜੇ ਸਤਸੰਗ ਘਰ ਵਿਚ ਲਿਆਈ ਜਾਵੇ, ਤਾਂ ਉਸਨੂੰ ਮੋਬਾਈਲ ਜਮਾ ਕਰਵਾਉਣ ਵਾਲੀ ਜਗ੍ਹਾ 'ਤੇ ਜਮਾਂ ਕਰਵਾਓ। ਵੱਡੀਆਂ ਚੀਜ਼ਾਂ, ਵੱਡੇ ਬੈਗ ਅਤੇ ਵੱਡੇ ਪਰਸ ਸਤਸੰਗ ਹਾਲ ਦੇ ਅੰਦਰ ਲੈ ਜਾਣ ਦੀ ਮਨਾਹੀ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਜਿੱਥੇ ਤੁਸੀਂ ਰੁਕੇ ਹੋਂ ਜਾਂ ਆਪਣੀ ਕਾਰ ਵਿੱਚ (ਆਪਣੀ ਜ਼ਿੰਮੇਵਾਰੀ 'ਤੇ) ਛੱਡ ਸਕਦੇ ਹੋ ਜਾਂ ਸਤਸੰਗ ਘਰ ਵਿੱਚ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਜਮਾਂ ਕਰਵਾਉਣ ਵਾਲੀ ਜਗ੍ਹਾ 'ਤੇ ਜਮਾਂ ਕਰਵਾ ਸਕਦੇ ਹੋ। ਪਾਣੀ ਦੀ ਬੋਤਲ, ਛੋਟਾ ਮੋਟਾ ਖਾਣ ਪੀਣ ਦਾ ਸਾਮਾਨ, ਆਪਣੀਆਂ ਦਵਾਈਆਂ ਹਾਲ ਦੇ ਅੰਦਰ ਲੈ ਜਾਣ ਦੀ ਅਨੁਮਤੀ ਹੋਵੇਗੀ। ਸਤਸੰਗ ਹਾਲ ਵਿੱਚ ਜਾਂਦੇ ਸਮੇਂ ਸੇਵਾਦਾਰ ਤੁਹਾਨੂੰ ਆਪਣਾ ਸਮਾਨ ਜਾਂਚ ਕਰਵਾਉਣ ਲਈ ਕਹਿ ਸਕਦੇ ਹਨ। ਕ੍ਰਿਪਾ ਕਰਕੇ ਉਹਨਾਂ ਨਾਲ ਸਹਿਯੋਗ ਕਰੋ।

**ਨੋਟਸ ਲੈਣਾ (Note-taking)** – ਸਤਿਗੁਰੂ ਦੀ ਇੱਛਾ ਹੈ ਕਿ ਅਸੀਂ ਉਨ੍ਹਾਂ ਦੇ ਨਾਲ ਹੋਣ ਦਾ ਪੂਰਾ ਫਾਇਦਾ ਉਠਾਈਏ ਅਤੇ ਸਮਾਂ ਅਤੇ ਧਿਆਨ ਨੋਟਸ ਲੈਣ ਵਿੱਚ ਨਾ ਬਰਬਾਦ ਕਰੀਏ। ਕ੍ਰਿਪਾ ਕਰਕੇ ਸਤਸੰਗ ਜਾਂ ਪ੍ਰਸ਼ਨ-ਉੱਤਰ ਦੌਰਾਨ ਨੋਟਸ ਨਾ ਲਉ ਅਤੇ ਉਹਨਾਂ ਨੂੰ ਲਿਖਣ ਦੀ ਕੋਸ਼ਿਸ਼ ਨਾ ਕਰੋ । ਨੋਟਸ ਲੈਣ ਅਤੇ ਉਹਨਾਂ ਨੋਟਸ ਨੂੰ ਇੰਟਰਨੈਂਟ ਜਾਂ ਕਿਸੇ ਹੋਰ ਜਰੀਏ ਨਾਲ ਦੂਜਿਆਂ ਤੱਕ ਪਹੁੰਚਾਉਣ ਦੀ ਮਨਾਹੀ ਹੈ।

**ਕਿਤਾਬਾਂ, ਤਸਵੀਰਾਂ ਅਤੇ ਵੀਡੀਓ ਖਰੀਦਣਾ** – ਸੰਤ ਮਤ ਦੀਆਂ ਪੁਸਤਕਾਂ ਅਤੇ ਤਸਵੀਰਾਂ ਸਤਸੰਗ ਤੋਂ ਪਹਿਲਾ ਅਤੇ ਬਾਅਦ ਵਿੱਚ ਖਰੀਦੀਆਂ ਜਾ ਸਕਦੀਆਂ ਹਨ। ਇਸ ਲਈ ਤੁਸੀਂ ਨਕਦ ਅਤੇ EFTPOS ਦੋਨਾਂ ਦੀ ਵਰਤੋਂ ਕਰ ਸਕਦੇ ਹੋ।

**ਲੈਣ ਅਤੇ ਛੱਡਣ ਦਾ ਪ੍ਰਬੰਧ** – ਜੇਕਰ ਤੁਹਾਨੂੰ ਕੋਈ ਛੱਡਣ ਜਾਂ ਲੈਣ ਆ ਰਿਹਾ ਹੈ, ਤਾਂ ਉਸ ਲਈ ਖਾਸ ਜਗ੍ਹਾ ਹੋਵੇਗੀ ਜਿੱਥੇ ਉਹ ਤੁਹਾਨੂੰ ਛੱਡ ਸਕਦੇ ਹਨ ਅਤੇ ਲੈ ਸਕਦੇ ਹਨ। ਸਤਸੰਗ ਘਰ ਤੋਂ ਬਾਹਰ ਨਿਕਲਦੇ ਸਮੇਂ ਕ੍ਰਿਪਾ ਕਰਕੇ ਧੀਰਜ ਰੱਖੋ ਅਤੇ ਸੇਵਾਦਾਰਾਂ ਦੇ ਨਿਰਦੇਸ਼ਾਂ ਦਾ ਪਾਲਣ ਕਰੋ।

**ਸਤਸੰਗ ਵਿੱਚ ਬੱਚਿਆਂ ਦੇ ਨਾਲ ਆਉਣਾ** – 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਫੈਮਿਲੀ ਏਰੀਆ (family area) ਵਿੱਚ ਆਪਣੇ ਮਾਤਾ-ਪਿਤਾ ਜਾਂ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ ਨਾਲ ਹੋਣਾ ਜ਼ਰੂਰੀ ਹੈ। 10 ਤੋਂ 12 ਸਾਲ ਤੱਕ ਦੇ ਬੱਚੇ ਫੈਮਿਲੀ ਏਰੀਆ ਜਾਂ ਸਤਸੰਗ ਹਾਲ ਵਿੱਚੋਂ ਕਿਸੇ ਇੱਕ ਜਗ੍ਹਾ 'ਤੇ ਜਾ ਸਕਦੇ ਹਨ, ਪਰ ਉਨ੍ਹਾਂ ਨੂੰ ਹਮੇਸ਼ਾ ਆਪਣੇ ਮਾਤਾ-ਪਿਤਾ ਜਾਂ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ ਦੇ ਨਾਲ ਰਹਿਣਾ ਹੋਵੇਗਾ। ਫੈਮਿਲੀ ਏਰੀਆ ਸਵੇਰੇ 7 ਵਜੇ ਤੋਂ ਸਤਸੰਗ ਪ੍ਰੋਗਰਾਮ ਦੇ ਖਤਮ ਹੋਣ ਤੱਕ ਖੁਲਾ ਹੋਵੇਗਾ। ਇੱਕ ਵਾਰੀ ਜਦੋਂ ਕੋਈ ਮਾਤਾ-ਪਿਤਾ ਫੈਮਿਲੀ ਏਰੀਆ ਵਿੱਚ ਆ ਜਾਂਦੇ ਹਨ, ਤਾਂ ਉਹ ਸਤਸੰਗ ਪ੍ਰੋਗਰਾਮ ਖਤਮ ਹੋਣ ਤੱਕ ਫੈਮਿਲੀ ਏਰੀਆ ਤੋਂ ਬਾਹਰ ਨਹੀਂ ਜਾ ਸਕਦੇ। ਕਾਰ ਪਾਰਕਿੰਗ ਪਾਸ 3 ਸਾਲ ਤੱਕ ਦੇ ਬੱਚਿਆਂ ਲਈ ਉਪਲਬਧ ਜੋਵੇਗਾ। ਹੋਰ ਜਾਣਕਾਰੀ ਲਈ ਆਪਣੇ ਸੇਕ੍ਰੇਟਰੀ ਨਾਲ ਸੰਪਰਕ ਕਰੋ।

**ਮੌਸਮ ਅਤੇ ਪਹਿਨਾਵਾ** – ਜੂਨ ਮਹੀਨੇ ਵਿੱਚ ਆਕਲੈਂਡ ਦਾ ਮੌਸਮ ਆਮ ਤੌਰ 'ਤੇ ਠੰਡਾ, ਗਿੱਲਾ ਅਤੇ ਹਵਾ ਵਾਲਾ ਹੁੰਦਾ ਹੈ। ਕਿਉਂਕਿ ਸਤਸੰਗ ਘਰ ਖੁੱਲੀ ਜਗ੍ਹਾ ਵਿੱਚ ਹੈ, ਇਸ ਲਈ ਤੁਹਾਨੂੰ ਮੌਸਮ ਅਨੁਸਾਰ ਕਪੜੇ ਪਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਮੀਂਹ ਅਤੇ ਤਿੱਖੀ ਧੂਪ ਵੀ ਹੋ ਸਕਦੀ ਹੈ। ਪਾਰਕਿੰਗ ਦੀ ਜਗ੍ਹਾ ਦੂਰ ਹੋਣ ਕਾਰਨ, ਤੁਹਾਨੂੰ ਆਰਾਮਦਾਇਕ ਜੁੱਤੇ ਪਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਦੂਜਿਆਂ ਨਾਲ ਸ਼ਿਸ਼ਟਾਚਾਰ ਰੱਖਦੇ ਹੋਏ, ਕਪੜੇ ਸਧਾਰਣ ਅਤੇ ਮੌਕੇ ਦੇ ਅਨੁਸਾਰ ਪਹਿਨਣ ਦੀ ਬੇਨਤੀ ਕੀਤੀ ਜਾਂਦੀ ਹੈ।

**ਹੋਟਲਾਂ ਵਿੱਚ ਰਹਿਣ ਦਾ ਪ੍ਰਬੰਧ** – ਆਕਲੈਂਡ ਤੋਂ ਬਾਹਰ ਰਹਿਣ ਵਾਲੀ ਸੰਗਤ ਲਈ ਹੋਟਲਾਂ ਵਿੱਚ ਰਹਿਣ ਦਾਪ੍ਰਬੰਧ ਹੈ, ਇਸ ਬਾਰੇ ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਆਪਣੇ ਸੇਕ੍ਰੇਟਰੀ ਨਾਲ ਸੰਪਰਕ ਕਰੋ।

**ਪ੍ਰਸ਼ਨ ਅਤੇ ਉੱਤਰ** – 18 ਸਾਲ ਤੋਂ ਉਪਰ ਕੋਈ ਵੀ ਵਿਅਕਤੀ ਬਾਬਾ ਜੀ ਤੋਂ ਪ੍ਰਸ਼ਨ ਪੁੱਛ ਸਕਦਾ ਹੈ। ਇਸ ਲਈ ਲਾਟਰੀ ਸਿਸਟਮ ਹੋਵੇਗਾ। ਜੇਕਰ ਤੁਸੀਂ ਸਵਾਲ ਪੁੱਛਣਾ ਹੈ, ਤਾਂ ਤੁਹਾਨੂੰ ਇੱਕ ਕਮਰੇ ਵਿੱਚ ਭੇਜਿਆ ਜਾਵੇਗਾ ਜਿੱਥੇ 8 AM ਤੇ ਲਾਟਰੀ ਕੱਢੀ ਜਾਵੇਗੀ। ਲਾਟਰੀ ਨਿਕਲਣ ਤੋਂ ਪਹਿਲਾਂ ਤੁਸੀਂ ਹਾਲ ਵਿੱਚ ਜਾ ਕੇ ਆਪਣੀ ਜਗ੍ਹਾ ਨਹੀਂ ਰੱਖ ਸਕਦੇ। ਜੇਕਰ ਤੁਸੀਂ ਪ੍ਰਸ਼ਨ ਉੱਤਰ ਲਈ ਨਹੀਂ ਚੁਣੇ ਜਾਂਦੇ ਤਾਂ ਤੁਹਾਨੂੰ ਹਾਲ ਵਿੱਚ ਜਿੱਥੇ ਵੀ ਜਗ੍ਹਾ ਮਿਲੇਗੀ, ਉਥੇ ਬੈਠਣਾ ਪਵੇਗਾ। ਪੂਰੀ ਜਾਣਕਾਰੀ ਲਈ ਕ੍ਰਿਪਾ ਕਰਕੇ ਆਪਣੇ ਸੇਕ੍ਰੇਟਰੀ ਨਾਲ ਸੰਪਰਕ ਕਰੋ।

**ਸੰਗਤ ਨੂੰ ਬੇਨਤੀ –** ਪ੍ਰੋਗਰਾਮ ਦੌਰਾਨ ਕਦੇ ਵੀ ਤਾਲੀ ਨਾ ਵਜਾਓ। ਕ੍ਰਿਪਾ ਕਰਕੇ ਪ੍ਰਸ਼ਨ ਪੁੱਛਣ ਵਾਲੇ ਵਿਅਕਤੀ ਦੀ ਤਰਫ ਮੁੜਕੇ ਨਾ ਦੇਖੋ, ਕਿਉਂਕਿ ਹੋ ਸਕਦਾ ਹੈ ਕਿ ਕਿਸੇ ਨੂੰ ਇਹ ਚੰਗਾ ਨਾ ਲੱਗੇ।

**ਪ੍ਰਸ਼ਨ ਉੱਤਰ ਦੀ ਨਾਲ ਨਾਲ ਟ੍ਰਾਂਸਲੇਸ਼ਨ** – ਇੱਕ ਖਾਸ ਜਗ੍ਹਾ ਤੇ ਤੁਹਾਡੇ ਲਈ ਹਿੰਦੀ ਤੋਂ ਅੰਗਰੇਜ਼ੀ ਅਤੇ ਅੰਗਰੇਜ਼ੀ ਤੋਂ ਹਿੰਦੀ ਵਿੱਚ ਟ੍ਰਾਂਸਲੇਸ਼ਨ ਸੁਣਨ ਲਈ ਹੈਡਫੋਨ ਲਗਾਏ ਜਾਣਗੇ। ਸੀਟਾਂ ਪਹਿਲਾਂ ਆਓ, ਪਹਿਲਾਂ ਪਾਉ ਦੇ ਅਧਾਰ 'ਤੇ ਹੋਣਗੀਆਂ।

**ਪਰਫਿਊਮ, ਖੁਸ਼ਬੂ ਵਾਲੀਆਂ ਚੀਜ਼ਾਂ ਅਤੇ ਸਿਗਰੇਟ ਪੀਣਾ** – ਕ੍ਰਿਪਾ ਕਰਕੇ ਉਨ੍ਹਾਂ ਲੋਕਾਂ ਦਾ ਧਿਆਨ ਰੱਖਦੇ ਹੋਏ ਜਿਨ੍ਹਾਂ ਨੂੰ ਸਿਹਤ ਸੰਬੰਧੀ ਸਮੱਸਿਆਵਾਂ (ਐਲਰਜੀ, ਅਸਥਮਾ, ਆਦਿ) ਹਨ, ਕੋਈ ਵੀ ਪਰਫਿਊਮ ਜਾਂ ਖੁਸ਼ਬੂ ਵਾਲੀ ਚੀਜ਼ ਨਾ ਲਗਾਓ। ਪੂਰੇ ਸਤਸੰਗ ਘਰ ਵਿੱਚ ਸਿਗਰੇਟ ਪੀਣ ਦੀ ਮਨਾਹੀ ਹੈ।

**ਸੂਚਨਾ ਡੈਸਕ (Info-desk)** – ਸਤਸੰਗ ਹਾਲ ਵਿੱਚ ਜਾਣ ਦੇ ਰਸਤੇ ਵਿੱਚ ਇੱਕ ਸੂਚਨਾ ਡੈਸਕ ਹੋਵੇਗਾ ਜਿੱਥੇ ਤੁਸੀਂ ਸੇਵਾਦਾਰਾਂ ਤੋਂ ਜੇ ਕੋਈ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਲੈ ਸਕਦੇ ਹੋ।

**ਫਰਸਟ ਏਡ (First-aid)** – ਫਰਸਟ ਏਡ ਸੇਵਾ ਸਿਰਫ ਸਤਸੰਗ ਪ੍ਰੋਗਰਾਮ ਦੌਰਾਨ ਉਪਲਬਧ ਹੋਵੇਗੀ। ਸੰਗਤ ਨੂੰ ਆਪਣੀਆਂ ਜ਼ਰੂਰਤਾਂ ਦੇ ਅਨੁਸਾਰ ਦਵਾਈਆਂ ਲੈ ਕੇ ਆਉਣ ਦੀ ਸਲਾਹ ਦਿੱਤੀ ਜਾਂਦੀ ਹੈ।

**ਸਤਸੰਗ ਘਰ ਛੱਡਦੇ ਸਮੇਂ** – ਕਿਉਂਕਿ ਕਾਰਾਂ ਨੂੰ ਸਤਸੰਗ ਘਰ ਤੋਂ ਬਾਹਰ ਨਿਕਲਣ ਵਿੱਚ ਸਮਾਂ ਲੱਗ ਸਕਦਾ ਹੈ, ਇਸ ਲਈ ਧੀਰਜ ਨਾਲ ਇੰਤਜ਼ਾਰ ਕਰੋ। ਸੜਕਾਂ ਉੱਤੇ ਗੱਡੀਆਂ ਦੀਆਂ ਲੰਮੀਆਂ ਲਾਈਨਾਂ ਲੱਗਣ ਦੇ ਕਾਰਨ ਤੁਹਾਨੂੰ ਨਿਕਲਣ ਵਿੱਚ ਦੇਰੀ ਹੋ ਸਕਦੀ ਹੈ। ਇਸ ਲਈ ਜੇਕਰ ਤੁਸੀਂ ਸਤਸੰਗ ਘਰ ਤੋਂ ਏਅਰਪੋਰਟ ਜਾਣਾ ਹੈ, ਤਾਂ ਤੁਸੀਂ ਆਪਣੀ ਫਲਾਈਟਸ ਉਸ ਅਨੁਸਾਰ ਬੁੱਕ ਕਰਵਾਓ।

**ਗੁੰਮ ਹੋਇਆ ਅਤੇ ਮਿਲਿਆ ਸਮਾਨ** – ਜੇਕਰ ਤੁਹਾਨੂੰ ਕੋਈ ਸਮਾਨ ਮਿਲਿਆ ਹੈ ਤਾਂ ਤੁਸੀਂ ਉਸਨੂੰ ਸੂਚਨਾ ਡੈਸਕ 'ਤੇ ਜਮਾ ਕਰਵਾ ਸਕਦੇ ਹੋ ਅਤੇ ਜੇ ਤੁਹਾਡਾ ਕੁਝ ਗੁੰਮ ਹੋਇਆ ਹੈ ਤਾਂ ਤੁਸੀਂ ਸੂਚਨਾ ਡੈਸਕ 'ਤੇ ਪੁੱਛ ਸਕਦੇ ਹੋ।

**ਗੁਆਂਢੀਆਂ ਨਾਲ ਸੰਬੰਧ -** ਸਤਸੰਗ ਘਰ ਦੇ ਨਾਲ/ਅੜੋਸ ਪੜੋਸ ਵਿਚ ਰਹਿ ਰਹੇ ਲੋਕਾਂ ਦੇ ਨਾਲ ਚੰਗੇ ਸੰਬੰਧ ਬਣਾਏ ਰੱਖਣ ਲਈ, ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇੱਕ ਦੂੱਜੇ ਨਾਲ, ਸੇਵਾਦਾਰਾਂ ਨਾਲ ਅਤੇ ਗੁਆਂਢੀਆਂ ਨਾਲ ਚੰਗਾ ਵਰਤਾਉ ਕਰਣ। ਸਤਸੰਗ ਘਰ ਦੀ ਸਾਫ਼-ਸਫਾਈ ਦਾ ਧਿਆਨ ਰੱਖਦੇ ਹੋਏ ਕੂੜਾ ਕਚਰਾ ਕੂੜੇਦਾਨਾਂ ਵਿੱਚ ਪਾਉ। ਸਤਸੰਗ ਘਰ ਵਿੱਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਹੋਵੇਗਾ। ਸਤਸੰਗ ਘਰ ਵਿੱਚ ਮਾਸਾਹਾਰੀ ਭੋਜਨ, ਸ਼ਰਾਬ ਦੀ ਸਖ਼ਤ ਮਨਾਹੀ ਹੈ ਅਤੇ ਸਿਗਰਟ ਪੀਣ ਦੀ ਵੀ ਇਜਾਜ਼ਤ ਨਹੀਂ ਹੈ।